## THE PUNJAB STATE BOARD OF TECHNICAL EDUCATION AND INDUSTRIAL TRAINING

Plot No. 1-A, Sec. 36-A, Chandigarh Ph.: 0172-2615385 Fax: 2664333 e-mail: ceitipb@gmail.com


ਨੰ:ਪੀ.ਐਸ.ਬੀ./ਆਈ.ਟੀ./4254 ਈਮੇਲ ਰਾਹੀ ਮਿਤੀ: 29/12/15

ਸੇਵਾ ਵਿਖੇ

ਪ੍ਰਿੰਸੀਪਲ,
ਸਮੂਹ ਸਰਕਾਰੀ/ਪ੍ਰਾਈਵੇਟ ਉਦਯੋਗਿਕ ਸਿਖਲਾਈ ਸੰਸਥਾਵਾਂ/ਇਸਤਰੀਆਂ ਲਈ,
ਪੰਜਾਬ ਰਾਜ ਅਧੀਨ।

**ਵਿਸ਼ਾ:- ਸ਼ੈਸ਼ਨ 2015 ਦੋਰਾਨ ਕੀਤੇ ਗਏ ਦਾਖਲੇ ਸਬੰਧੀ।**

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਦਰਸਾਇਆ ਜਾਂਦਾ ਹੈ ਕਿ ਸੈਸ਼ਨ 2015 ਦੋਰਾਨ ਪੰਜਾਬ ਰਾਜ ਵਿੱਚ ਸਥਿਤ ਪ੍ਰਾਈਵੇਟ ਅਤੇ ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾਵਾਂ ਵਿੱਚ ਐਨ.ਸੀ.ਵੀ.ਟੀ./ਐੱਸ. ਸੀ.ਵੀ.ਟੀ. ਸਕੀਮ ਅਧੀਨ ਅਲੱਗ ਅਲੱਗ ਕੌਂਸਲਿੰਗ ਰਾਹੀ ਵੱਖ ਵੱਖ ਸਮੇਂ ਤੇ ਆਨ ਲਾਈਨ/ਆਫ ਲਾਈਨ ਦਾਖਲਾ ਕੀਤਾ ਗਿਆ ਸੀ। ਇਸ ਉਪਰੰਤ ਦਫਤਰ ਵਲੋਂ ਸਮੇਂ ਸਮੇਂ ਤੇ ਹਦਾਇਤਾਂ ਜਾਰੀ ਕੀਤੀਆਂ ਜਾਂਦੀਆਂ ਰਹੀਆਂ ਹਨ ਕਿ ਐਨ.ਸੀ.ਵੀ.ਟੀ. ਸਕੀਮ ਅਧੀਨ ਦਾਖਲ ਵਿਦਿਆਰਥੀਆਂ ਦਾ ਡਾਟਾ ਐਮ.ਆਈ. ਸੀ. ਪੋਰਟਲ ਤੇ ਐਂਟਰੀ ਕਰਨ ਉਪਰੰਤ ਅਤੇ ਐਸ.ਸੀ.ਵੀ.ਟੀ. ਵਿਦਿਆਰਥੀਆਂ ਦਾ ਡਾਟਾ ਐਨ.ਆਈ. ਸੀ. ਪੋਰਟਲ ਦੀਆਂ ਲਿਸਟਾਂ ਨਾਲ ਸਹੀ ਤਰੀਕੇ ਨਾਲ ਚੈਕ ਕਰਨ ਉਪਰੰਤ ਹੀ ਵਿਦਿਆਰਥੀਆਂ ਦੀ ਰਜਿਸਟਰੇਸ਼ਨ ਬੋਰਡ ਦਫਤਰ ਵਿਖੇ ਨਿਰਧਾਰਤ ਸ਼ਡਿਊਲ ਅਨੁਸਾਰ ਕਰਵਾਈ ਜਾਵੇ।

ਇਸ ਪੱਤਰ ਰਾਹੀਂ ਸਮੂਹ ਸੰਸਥਾਵਾਂ ਨੂੰ ਦਸਿਆ ਜਾਂਦਾ ਹੈ ਕਿ ਜੇਕਰ ਕਿਸੇ ਵੀ ਸੰਸਥਾ ਦੁਆਰਾ ਉਕਤ ਹਦਾਇਤਾਂ ਦੀ ਉਲੰਘਣਾ ਕਰਕੇ NIC ਪੋਰਟਲ ਰਾਹੀ ਦਾਖਲੇ ਤੋਂ ਬਿਨ੍ਹਾਂ ਹੀ ਐਮ.ਆਈ. ਐਸ. ਪੋਰਟਲ ਤੇ ਅਨੁਚਿਤ ਤਰੀਕੇ ਨਾਲ ਰਜਿਸਟਰੇਸ਼ਨ ਕਰਵਾਈ ਜਾਂਦੀ ਹੈ ਤਾਂ ਅਜਿਹਾ ਕੇਸ ਕਿਸੇ ਵੀ ਸਮੇਂ ਨੋਟਿਸ ਵਿੱਚ ਆਉਣ ਤੇ ਸਬੰਧਤ ਸਿਖਿਆਰਥੀਆਂ ਦੀ ਰਜਿਸਟਰੇਸ਼ਨ ਅਤੇ ਪ੍ਰੀਖਿਆ ਤੁਰੰਤ ਰੱਦ ਕਰ ਦਿੱਤੀ ਜਾਵੇਗੀ। ਇਸ ਉਪਰੰਤ ਕੋਈ ਵੀ ਕਾਨੂਨੀ ਜਾਂ ਹੋਰ ਅੜਚਨ ਪੈਦਾ ਹੁੰਦੀ ਹੈ ਤਾਂ ਇਸ ਅਣਗਹਿਲੀ/ਕੁਤਾਹੀ ਦੀ ਪੂਰੀ ਜਿੰਮੇਵਾਰੀ ਸੰਸਥਾ ਦੇ ਪ੍ਰਿੰਸੀਪਲ ਦੀ ਹੀ ਠਹਿਰਾਈ ਜਾਵੇਗੀ ਅਤੇ ਸਬੰਧਤ ਸੰਸਥਾ ਦੇ ਪ੍ਰਿੰਸੀਪਲ ਵਿਰੁਧ ਅਨੁਸ਼ਾਸ਼ਨੀ ਕਾਰਵਾਈ ਵੀ ਆਰੰਭੀ ਜਾਵੇਗੀ। ਇਸ ਤੋਂ ਇਲਾਵਾ ਸੰਸਥਾ ਦੀ ਐਫੀਲੇਸ਼ਨ ਰੱਦ ਕਰਨ ਸਬੰਧੀ ਸਿਫਾਰਿਸ਼ ਵੀ ਕਰ ਦਿੱਤੀ ਜਾਵੇਗੀ।

ਕੰਟਰੋਲਰ ਪ੍ਰੀਖਿਆਵਾਂ(ਆਈ.ਟੀ.ਆਈ.)